# ਵਿਦਿਆਰਥੀਆਂ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰਮ ਆਨਲਾਈਨ ਭਰਨ ਅਤੇ ਨਾਲ ਨੱਥੀ ਕੀਤੇ ਜਾਣ ਵਾਲੇ ਸੰਬੰਧਤ ਦਸਤਾਵੇਜਾਂ ਸੰਬੰਧੀ ਹਦਾਇਤਾਂ

- ਸਭ ਤੋਂ ਪਹਿਲਾਂ ਚੈੱਕ ਲਿਸਟ ਲਗਾਈ ਜਾਵੇ।
- ਇਸ ਉਪਰੰਤ ਸਵੈ-ਘੋਸ਼ਣਾ ਸੰਬੰਧੀ ਪ੍ਰੋਫਾਰਮਾ ਲਗਾਇਆ ਜਾਵੇ ਅਤੇ ਇਸ ਉਪਰੰਤ ਹੇਠ ਲਿਖੇ ਅਨੁਸਾਰ ਦਸਤਾਵੇਜ਼ ਲਗਾਏ ਜਾਣ:

## ਆਨਲਾਈਨ ਫਾਰਮ ਭਰਨ ਸੰਬੰਧੀ ਹਦਾਇਤਾਂ :

1. ਆਨਲਾਈਨ ਫਾਰਮ ਦਾ ਪ੍ਰਿੰਟ ਆਊਟ ਲੈਣ ਤੋਂ ਪਹਿਲਾਂ Student's Name, Father's Name ਅਤੇ Mother's Name ਦੇ spelling ਚੰਗੀ ਤਰ੍ਹਾਂ ਚੈਕ ਕਰ ਲਏ ਜਾਣ ਅਤੇ ਇਹ spelling ਵਿਦਿਆਰਥੀ ਦੇ ਵਿਦਿਅਕ ਯੋਗਤਾਵਾਂ ਵਿਚ ਦਰਸਾਏ ਨਾਵਾਂ ਨਾਲ ਮੇਲ ਖਾਂਦੇ ਹੋਣ।
2. ਕੋਰਸ ਦੇ ਨਾਮ ਦੀ ਚੋਣ ਕਰਦੇ ਹੋਏ ਇਹ ਦੇਖ ਲਿਆ ਜਾਵੇ ਕਿ ਕਲਾਸ ਦੇ ਨਾਮ ਨਾਲ Distance ਸ਼ਬਦ ਲਿਖਿਆ ਹੋਵੇ ਕਿਉਂ ਜੋ ਡਿਸਟੈਂਸ ਐਜੂਕੇਸ਼ਨ ਵਿਭਾਗ ਦੀ ਹਰੇਕ ਕਲਾਸ/ਕੋਰਸ ਨਾਲ Distance ਸ਼ਬਦ ਲਿਖਿਆ ਹੁੰਦਾ ਹੈ।
3. ਵਿਦਿਆਰਥੀ ਦਾ ਜਿਸ ਬੈਂਕ ਵਿਚ ਖਾਤਾ ਹੈ, ਆਨਲਾਈਨ ਫਾਰਮ ਤੇ ਉਸ ਬੈਂਕ ਦਾ IFSC Code ਚੰਗੀ ਤਰ੍ਹਾਂ ਚੈਕ ਕਰ ਲਿਆ ਜਾਵੇ ਤਾਂ ਜੋ ਵਿਦਿਆਰਥੀ ਦੇ ਖਾਤੇ ਵਿਚ ਸਕਾਲਰਸ਼ਿਪ ਦੀ ਰਾਸ਼ੀ ਜਮ੍ਹਾਂ ਹੋਣ ਵਿਚ ਕੋਈ ਦਿੱਕਤ ਨਾ ਆਵੇ।
4. ਵਿਦਿਆਰਥੀ ਵੱਲੋਂ ਆਨਲਾਈਨ ਅੱਪਲੋਡ ਹੋਣ ਵਾਲੇ ਦਸਤਾਵੇਜ਼ਾਂ ਨੂੰ ਚੰਗੀ ਤਰ੍ਹਾਂ ਸੁਨਿਸਚਿਤ ਕਰ ਲਿਆ ਜਾਵੇ ਕਿ ਉਹ ਪੋਰਟਲ ਤੇ ਅੱਪਲੋਡ ਹੋ ਚੁੱਕੇ ਹਨ।
5. ਕੰਪਿਊਟਰ ਤੇ ਸਾਰੇ ਕਾਲਮ ਚੰਗੀ ਤਰ੍ਹਾਂ ਚੈਕ ਕਰਨ ਉਪਰੰਤ ਹੀ ਪ੍ਰਿੰਟ ਆਊਟ ਲਿਆ ਜਾਵੇ। ਪੋਰਟਲ ਤੋਂ ਸਿੱਧਾ ਪ੍ਰਿੰਟ ਆਊਟ ਨਾ ਲਿਆ ਜਾਵੇ ਸਗੋਂ ਫਾਈਲ ਡਾਊਨਲੋਡ ਕਰਕੇ ਪ੍ਰਿੰਟ ਆਊਟ ਲਿਆ ਜਾਵੇ ਅਤੇ ਪ੍ਰਿੰਟ ਆਊਟ ਲੈਣ ਤੋਂ ਪਹਿਲਾਂ ਚੈਕ ਕਰ ਲਿਆ ਜਾਵੇ ਕਿ ਫਾਰਮ ਦੇ ਬਿਲਕੁਲ ਹੇਠਾਂ Status:Locked Mode ਸ਼ਬਦ ਪ੍ਰਿੰਟ ਹੋ ਰਿਹਾ ਹੈ ਜਾਂ ਨਹੀਂ। ਜੇਕਰ Status : Draft Mode ਵਿਚ ਹੈ ਤਾਂ ਇਸ ਦਾ ਭਾਵ ਹੈ ਕਿ ਫਾਰਮ ਅਜੇ ਲਾਕ ਨਹੀਂ ਹੋਇਆ।
6. ਪ੍ਰਿੰਟ ਆਊਟ ਲੈਣ ਉਪਰੰਤ ਇਸ ਦੇ ਸਭ ਤੋਂ ਉੱਪਰ ਸੱਜੇ ਪਾਸੇ ਕੋਨੇ ਵਿਚ ਗੋਂਦ ਨਾਲ ਇਕ ਤਾਜ਼ਾ ਫੋਟੋ ਚਿਪਕਾਈ ਜਾਵੇ ਅਤੇ ਸਭ ਤੋਂ ਹੇਠਾਂ Signature ਦੇ ਉਪਰ ਆਪਣੇ ਹਸਤਾਖਰ ਕੀਤੇ ਜਾਣ।
7. ਆਨਲਾਈਨ ਫਾਰਮ ਦੇ ਪ੍ਰਿੰਟ ਆਊਟ ਸਮੇਤ ਸਾਰੇ ਦਸਤਾਵੇਜਾਂ ਦੀਆਂ ਦੋ ਕਾਪੀਆਂ (ਇਕ ਅਸਲ ਅਤੇ ਇਕ ਫੋਟੋ-ਸਟੈਟ) ਵਿਭਾਗ ਵਿਖੇ ਜਮ੍ਹਾਂ ਕਰਵਾਈਆਂ ਜਾਣ।

## ਆਮਦਨ ਸਰਟੀਫਿਕੇਟ ਸੰਬੰਧੀ ਹਦਾਇਤਾਂ :

1. ਫਾਰਮ ਨਾਲ ਅਸਲ ਆਮਦਨ ਸਰਟੀਫਿਕੇਟ ਨੱਥੀ ਕੀਤਾ ਜਾਵੇ।
2. ਆਮਦਨ ਸਰਟੀਫਿਕੇਟ 1 ਅਪ੍ਰੈਲ, 2020 ਤੋਂ ਬਾਅਦ ਦਾ ਬਣਿਆ ਹੋਣਾ ਚਾਹੀਦਾ ਹੈ।
3. ਆਮਦਨ ਸਰਟੀਫਿਕੇਟ ਤਹਿਸੀਲਦਾਰ ਦਫਤਰ ਵੱਲੋਂ ਜਾਰੀ ਕੀਤਾ ਗਿਆ ਹੋਵੇ। ਜੇਕਰ ਆਮਦਨ ਸਰਟੀਫਿਕੇਟ ਨਾਇਬ ਤਹਿਸੀਲਦਾਰ ਦਫਤਰ ਵੱਲੋਂ ਜਾਰੀ ਕੀਤਾ ਗਿਆ ਹੈ ਅਤੇ ਨਾਇਬ ਤਹਿਸੀਲਦਾਰ ਵੱਲੋਂ ਹੀ ਹਸਤਾਖਰ ਕੀਤੇ ਗਏ ਹਨ ਤਾਂ ਇਸ ਸਰਟੀਫਿਕੇਟ ਨੂੰ ਤਹਿਸੀਲਦਾਰ ਪਾਸੋਂ ਪ੍ਰਤੀ-ਹਸਤਾਖਰ (counter-sign) ਕਰਵਾਉਣਾ ਲਾਜ਼ਮੀ ਹੈ।
4. ਆਮਦਨ ਸਰਟੀਫਿਕੇਟ ਪਿਤਾ ਦੇ ਨਾਮ ਤੇ ਬਣਵਾਇਆ ਜਾਵੇ। ਆਮਦਨ ਸਰਟੀਫਿਕੇਟ ਤੇ ਪਿਤਾ ਦੇ ਨਾਮ ਦੇ spellings ਨੂੰ ਚੰਗੀ ਤਰ੍ਹਾਂ ਚੈਕ ਕਰ ਲਿਆ ਜਾਵੇ ਅਤੇ ਇਹ ਆਨਲਾਈਨ ਫਾਰਮ ਅਤੇ ਵਿਦਿਅਕ ਯੋਗਤਾਵਾਂ ਸੰਬੰਧੀ ਸਰਟੀਫਿਕੇਟਾਂ ਵਿਚ ਦਰਸਾਏ ਨਾਮ ਨਾਲ ਮੇਲ ਖਾਂਦੇ ਹੋਣ।
5. ਪਿਤਾ ਦੀ ਮੌਤ ਜਾਂ ਕਿਸੇ ਹੋਰ ਕਾਰਨ ਕਰਕੇ ਜੇਕਰ ਮਾਤਾ ਦੇ ਨਾਮ ਤੇ ਆਮਦਨ ਸਰਟੀਫਿਕੇਟ ਬਣਵਾਉਣਾ ਹੋਵੇ ਤਾਂ ਮਾਤਾ ਦੇ ਨਾਮ ਦੇ spellings ਚੰਗੀ ਤਰ੍ਹਾਂ ਚੈਕ ਕਰ ਲਏ ਜਾਣ ਅਤੇ ਮਾਤਾ ਦੇ ਨਾਮ ਤੇ ਬਣਵਾਏ ਆਮਦਨ ਸਰਟੀਫਿਕੇਟ ਦੇ ਬਿਲਕੁਲ ਬਾਦ ਵਿਚ ਪਿਤਾ ਦੇ ਮੌਤ ਸੰਬੰਧੀ ਸਰਟੀਫਿਕੇਟ ਦੀ ਫੋਟੋ ਸਟੈਟ ਕਾਪੀ ਨੱਥੀ ਕੀਤੀ ਜਾਵੇ।
6. ਜੇਕਰ ਪਿਤਾ ਦਾ ਮੌਤ ਸੰਬੰਧੀ ਸਰਟੀਫਿਕੇਟ ਨਹੀਂ ਬਣਵਾਇਆ ਗਿਆ ਤਾਂ ਮੌਤ ਹੋਣ ਸੰਬੰਧੀ ਮਾਤਾ ਵੱਲੋਂ ਅਸਲ ਐਫੀਡੈਵਿਟ ਨਾਲ ਲਗਾਇਆ ਜਾਵੇ।
7. ਜੇਕਰ ਪਿਤਾ ਦੀ ਮੌਤ ਤੋਂ ਬਿਨਾਂ ਕਿਸੇ ਹੋਰ ਕਾਰਨ ਕਰਕੇ ਮਾਤਾ ਦੇ ਨਾਮ ਆਮਦਨ ਸਰਟੀਫਿਕੇਟ ਬਣਵਾਇਆ ਗਿਆ ਹੈ ਤਾਂ ਮਾਤਾ ਵੱਲੋਂ ਇਸ ਸਬੰਧੀ ਨੋਟਰੀ ਤੋਂ ਤਸਦੀਕਸ਼ੁਦਾ ਐਫੀਡੈਵਿਟ ਲਗਾਇਆ ਜਾਵੇ।
8. ਜੇਕਰ ਮਾਤਾ-ਪਿਤਾ ਦੋਹਾਂ ਦੀ ਮੌਤ ਹੋ ਚੁੱਕੀ ਹੈ ਤਾਂ ਘਰ ਦੇ ਮੁਖੀਆ ਦੇ ਨਾਮ ਤੇ ਆਮਦਨ ਸਰਟੀਫਿਕੇਟ ਬਣਵਾਇਆ ਜਾ ਸਕਦਾ ਹੈ ਪਰੰਤੂ ਮਾਤਾ-ਪਿਤਾ ਦੀ ਮੌਤ ਹੋਣ ਸੰਬੰਧੀ ਸਰਟੀਫਿਕੇਟਾਂ ਦੀ ਫੋਟੋ-ਸਟੈਟ ਕਾਪੀ ਆਮਦਨ ਸਰਟੀਫਿਕੇਟ ਦੇ ਤੁਰੰਤ ਬਾਦ ਨੱਥੀ ਕੀਤੀ ਜਾਵੇ ਅਤੇ ਮੌਤ ਸਰਟੀਫਿਕੇਟ ਨਾ ਹੋਣ ਦੀ ਸੂਰਤ ਵਿਚ ਪਰਿਵਾਰ ਦੇ ਮੁਖੀਆ ਵੱਲੋਂ ਨੋਟਰੀ ਤੋਂ ਤਸਦੀਕਸ਼ੁਦਾ ਅਸਲ ਐਫੀਡੈਵਿਟ ਲਗਾਇਆ ਜਾਵੇ।
9. ਜੇਕਰ ਵਿਦਿਆਰਥੀ/ਵਿਦਿਆਰਥਣ ਵਿਵਾਹਿਤ ਹੈ ਤਾਂ ਪਤੀ ਦੇ ਨਾਮ ਤੇ ਆਮਦਨ ਸਰਟੀਫਿਕੇਟ ਬਣਵਾਇਆ ਜਾ ਸਕਦਾ ਹੈ ਪਰੰਤੂ ਪਤੀ ਨੂੰ ਐਫੀਡੈਵਿਟ (ਨੋਟਰੀ ਤੋਂ ਤਸਦੀਕਸ਼ੁਦਾ) ਨਾਲ ਲਗਾਉਣਾ ਪਵੇਗਾ ਕਿ ਉਹ ਵਿਵਾਹਿਤ ਹੈ, ਮਾਤਾ-ਪਿਤਾ ਤੋਂ ਅਲੱਗ ਰਹਿ ਰਿਹਾ ਹੈ ਅਤੇ ਉਸਦੀ ਸਾਲਾਨਾ ਆਮਦਨ ਨਿਰਧਾਰਤ ਆਮਦਨ ਹੱਦ ਤੋਂ ਘੱਟ ਹੈ।

10. ਜੇਕਰ ਵਿਦਿਆਰਥੀ ਦੀ ਭੈਣ/ਭਰਾ ਵੱਲੋਂ ਆਨਲਾਈਨ ਫਾਰਮ ਨਾਲ ਅਸਲ ਆਮਦਨ ਸਰਟੀਫਿਕੇਟ ਲਗਾਇਆ ਗਿਆ ਹੈ ਤਾਂ ਦੂਜੇ ਵਿਦਿਆਰਥੀ (ਭੈਣ/ਭਰਾ) ਵੱਲੋਂ ਆਮਦਨ ਸਰਟੀਫਿਕੇਟ ਦੀ ਫੋਟੋ–ਸਟੈਟ ਕਾਪੀ ਵੀ ਲਗਾਈ ਜਾ ਸਕਦੀ ਹੈ ਪਰੰਤੂ ਇਸਦੇ ਨਾਲ ਅਸਲ ਆਮਦਨ ਸਰਟੀਫਿਕੇਟ ਲਗਾਉਣ ਵਾਲੇ ਭੈਣ/ਭਰਾ ਦੇ ਆਨਲਾਈਨ ਫਾਰਮ ਦੀ ਫੋਟੋ–ਸਟੈਟ ਕਾਪੀ attach ਕਰਨੀ ਹੋਵੇਗੀ ਅਤੇ ਆਮਦਨ ਸਰਟੀਫਿਕੇਟ ਦੀ ਫੋਟੋ–ਸਟੈਟ ਕਾਪੀ ਦੇ ਹੇਠਾਂ ਆਪਣੀ ਭੈਣ/ਭਰਾ ਦੀ User ID ਅਤੇ Password ਲਿਖਣਾ ਹੋਵੇਗਾ।

**ਜਾਤੀ ਸਰਟੀਫਿਕੇਟ ਸੰਬੰਧੀ ਹਦਾਇਤਾਂ :**

1. ਜਾਤੀ ਸਰਟੀਫਿਕੇਟ ਵਿਦਿਆਰਥੀ ਦੇ ਨਾਮ ਤੇ ਬਣਿਆ ਹੋਣਾ ਚਾਹੀਦਾ ਹੈ।
2. ਅਨੁਸੂਚਿਤ ਜਾਤੀ (Scheduled Caste) ਸੰਬੰਧੀ ਸਰਟੀਫਿਕੇਟ ਦੀ ਫੋਟੋ–ਸਟੈਟ ਕਾਪੀ ਲਗਾਈ ਜਾਵੇ। ਅਨੁਸੂਚਿਤ ਜਾਤੀ (SC) ਸਰਟੀਫਿਕੇਟ ਭਾਵੇਂ ਕਿੰਨਾਂ ਹੀ ਪੁਰਾਣਾ ਬਣਿਆ ਹੋਵੇ, ਦੀ ਫੋਟੋ–ਸਟੈਟ ਕਾਪੀ ਨਾਲ ਲਗਾਈ ਜਾ ਸਕਦੀ ਹੈ।
3. ਪਛੜੀ ਸ਼੍ਰੇਣੀ (Backward Class) ਸੰਬੰਧੀ ਸਰਟੀਫਿਕੇਟ 1 ਅਪ੍ਰੈਲ, 2020 ਤੋਂ ਬਾਅਦ ਦਾ ਬਣਿਆ ਹੋਣਾ ਚਾਹੀਦਾ ਹੈ। ਜੇਕਰ ਪਛੜੀ ਸ਼੍ਰੇਣੀ ਸਬੰਧੀ ਸਰਟੀਫਿਕੇਟ ਉਪਰੋਕਤ ਮਿਤੀ ਤੋਂ ਪਹਿਲਾਂ ਦਾ ਬਣਿਆ ਹੋਇਆ ਹੈ ਤਾਂ ਵਿਦਿਆਰਥੀ ਨੂੰ ਕਰੀਮੀ ਲੇਅਰ ਅੰਡਰਟੇਕਿੰਗ ਸਬੰਧੀ ਪ੍ਰੋਫਾਰਮਾ ਭਰਨਾ ਪਵੇਗਾ।

**ਚੈੱਕ ਲਿਸਟ ਦੇ ਅਗਲੇ points ਅਨੁਸਾਰ ਨਿਮਨ ਲਿਖਤ ਤਰਤੀਬ ਅਨੁਸਾਰ ਦਸਤਾਵੇਜ਼ ਨੱਥੀ ਕੀਤੇ ਜਾਣ:**

- ਮੈਟ੍ਰਿਕੁਲੇਸ਼ਨ (ਦਸਵੀਂ) ਦੇ ਸਰਟੀਫਿਕੇਟ ਦੀ ਫੋਟੋ–ਸਟੈਟ ਕਾਪੀ ਜਿਸ ਤੋਂ ਸਪੱਸ਼ਟ ਹੋਵੇ ਕਿ ਵਿਦਿਆਰਥੀ ਨੇ ਮੈਟ੍ਰਿਕੁਲੇਸ਼ਨ ਪੰਜਾਬ ਰਾਜ ਜਾਂ ਚੰਡੀਗੜ੍ਹ 'ਚੋਂ ਕੀਤੀ ਹੈ।
- ਆਖਰੀ ਨਤੀਜਾ ਸਰਟੀਫਿਕੇਟ ਦੀ ਫੋਟੋ–ਸਟੈਟ ਕਾਪੀ ਜਿਸ ਦੇ ਆਧਾਰ ਤੇ ਵਿਦਿਆਰਥੀ ਦਾਖਲਾ ਲੈ ਰਿਹਾ ਹੈ। (ਸਕਾਲਰਸ਼ਿਪ ਦਾ ਲਾਭ ਲੈਣ ਲਈ ਬੀ.ਸੀ./ਓ.ਬੀ.ਸੀ. ਵਿਦਿਆਰਥੀ ਦੇ ਪਿਛਲੀ ਕਲਾਸ ਵਿਚ ਘੱਟੋ ਘੱਟ 60% ਅੰਕ ਹੋਣੇ ਲਾਜ਼ਮੀ ਹਨ।)
- ਬੈਂਕ ਦੀ ਪਾਸ ਬੁੱਕ ਦੀ ਫੋਟੋ–ਸਟੈਟ ਕਾਪੀ ਜਿਸ ਉੱਤੇ ਬੈਂਕ ਦਾ IFSC Code ਸਾਫ ਸਾਫ ਲਿਖਿਆ ਹੋਵੇ। ਇਹ ਧਿਆਨ ਨਾਲ ਚੈੱਕ ਕਰ ਲਿਆ ਜਾਵੇ ਕਿ ਆਨਲਾਈਨ ਫਾਰਮ ਅਤੇ ਬੈਂਕ ਪਾਸ ਬੁੱਕ ਤੇ ਖਾਤਾ ਨੰਬਰ ਅਤੇ ਬੈਂਕ ਦਾ ਨਾਮ ਸਹੀ ਹੋਵੇ।
- ਵਿਦਿਆਰਥੀ ਦੇ ਆਧਾਰ ਕਾਰਡ ਦੀ ਫੋਟੋ–ਸਟੈਟ ਕਾਪੀ ਲਗਾਈ ਜਾਵੇ।
- ਵਿਦਿਆਰਥੀ ਵੱਲੋਂ ਆਨਲਾਈਨ ਫਾਰਮ ਭਰਨ ਸਮੇਂ ਡਾਊਨਲੋਡ ਕਰਕੇ ਅੱਪਲੋਡ ਕੀਤੀ Undertaking ਦੀ ਅਸਲ ਕਾਪੀ (ਪਾਸਪੋਰਟ ਸਾਈਜ਼ ਫੋਟੋ ਸਮੇਤ) ਨੱਥੀ ਕੀਤੀ ਜਾਵੇ।
- ਵਿਭਾਗ ਵੱਲੋਂ ਨਿਰਧਾਰਤ ਹਾਜ਼ਰੀ ਸੰਬੰਧੀ ਪ੍ਰੋਫਾਰਮੇ ਦੀ ਕਾਪੀ ਦੇ ਕਾਲਮ ਭਰਨ ਉਪਰੰਤ ਵਿਦਿਆਰਥੀ ਦੀ ਕਲਾਸ ਦੇ ਡੀਲਿੰਗ ਕਰਮਚਾਰੀ/ਅਧਿਕਾਰੀ (ਕਲਰਕ, ਸਹਾਇਕ, ਨਿਗਰਾਨ ਅਤੇ ਸਹਾਇਕ ਰਜਿਸਟਰਾਰ) ਤੋਂ ਹਸਤਾਖਰ ਕਰਵਾਉਣ ਉਪਰੰਤ ਵਿਭਾਗ ਦੇ ਮੁਖੀ ਦੇ ਦਫਤਰ ਤੋਂ ਹਸਤਾਖਰ ਅਤੇ ਵਿਭਾਗੀ ਮੋਹਰ ਲਗਵਾ ਕੇ ਅਸਲ ਕਾਪੀ ਨੱਥੀ ਕੀਤੀ ਜਾਵੇ।
- ਵਿਭਾਗੀ ਵੈਬਸਾਈਟ ਤੋਂ ਸ਼ਨਾਖਤੀ (Identity Card) ਡਾਊਨਲੋਡ ਕਰਕੇ ਪ੍ਰਿੰਟ–ਆਊਟ ਲੈਣ ਉਪਰੰਤ ਭਰ ਕੇ ਵਿਭਾਗ ਦੀ ਸਬੰਧਤ ਸ਼ਾਖਾ ਪਾਸੋਂ ਮੋਹਰ ਅਤੇ ਹਸਤਾਖਰ ਕਰਵਾ ਕੇ ਉਸ ਦੀ ਫੋਟੋ–ਸਟੈਟ ਕਾਪੀ ਨਾਲ ਨੱਥੀ ਕੀਤੀ ਜਾਵੇ।
- ਜੇਕਰ ਵਿਦਿਆਰਥੀ ਦਾ Renewal Case ਹੈ ਭਾਵ ਵਿਦਿਆਰਥੀ ਨੇ ਪਿਛਲੇ ਸਾਲ ਵੀ ਪੋਸਟ–ਮੈਟ੍ਰਿਕ ਸਕਾਲਰਸ਼ਿਪ ਦਾ ਲਾਭ ਲਿਆ ਹੈ ਤਾਂ ਪਿਛਲੇ ਸਾਲ ਆਨਲਾਈਨ ਭਰੇ ਫਾਰਮ ਦੇ ਪ੍ਰਿੰਟ ਆਊਟ ਦੀ ਕਾਪੀ ਨਾਲ ਲਗਾਈ ਜਾਵੇ। (ਅਗਲੇ ਸਾਲ Renewal Case ਵਜੋਂ ਲਾਭ ਲੈਣ ਲਈ ਵਿਦਿਆਰਥੀਆਂ ਨੂੰ ਆਨਲਾਈਨ ਭਰੇ ਫਾਰਮ ਅਤੇ ਹੋਰ ਦਸਤਾਵੇਜਾਂ ਦੀ ਇਕ ਕਾਪੀ ਆਪਣੇ ਕੋਲ ਰੱਖ ਲੈਣੀ ਚਾਹੀਦੀ ਹੈ)

**ਰਿਹਾਇਸ਼ੀ ਸਰਟੀਫਿਕੇਟ (Residence Certificate) ਸੰਬੰਧੀ ਹਦਾਇਤਾਂ :**

1. ਰਿਹਾਇਸ਼ੀ ਸਰਟੀਫਿਕੇਟ ਦੀ ਫੋਟੋ–ਸਟੈਟ ਕਾਪੀ ਨੱਥੀ ਕੀਤੀ ਜਾਵੇ।
2. ਰਿਹਾਇਸ਼ੀ ਸਰਟੀਫਿਕੇਟ ਆਨਲਾਈਨ ਅਪਲਾਈ ਕਰਨ ਦੀ ਮਿਤੀ ਤੋਂ ਪੰਜ ਸਾਲ ਤੋਂ ਜ਼ਿਆਦਾ ਪੁਰਾਣਾ ਨਾ ਹੋਵੇ, ਨਹੀਂ ਤਾਂ ਨਵੇਂ ਰਿਹਾਇਸ਼ੀ ਸਰਟੀਫਿਕੇਟ ਦੀ ਫੋਟੋ–ਸਟੈਟ ਕਾਪੀ ਨੱਥੀ ਕੀਤੀ ਜਾਵੇ ਜਾਂ ਨਵੇਂ ਰਿਹਾਇਸ਼ੀ ਸਰਟੀਫਿਕੇਟ ਨੂੰ ਅਪਲਾਈ ਕਰਨ ਉਪਰੰਤ ਸੁਵਿਧਾ ਸੈਂਟਰ/ਸੇਵਾ ਕੇਂਦਰ ਵੱਲੋਂ ਜਾਰੀ ਰਸੀਦ/ਸਲਿੱਪ ਦੀ ਫੋਟੋ–ਸਟੈਟ ਕਾਪੀ ਵੀ ਨਾਲ ਲਗਾਈ ਜਾ ਸਕਦੀ ਹੈ।
3. ਇਸ ਰਸੀਦ/ਸਲਿੱਪ ਹੇਠਾਂ ਵਿਦਿਆਰਥੀ ਵੱਲੋਂ ਅੰਡਰਟੇਕਿੰਗ ਲਿਖ ਕੇ ਦੇਣੀ ਹੋਵੇਗੀ ਕਿ ਅਸਲ ਰਿਹਾਇਸ਼ੀ ਸਰਟੀਫਿਕੇਟ ਪ੍ਰਾਪਤ ਹੋਣ ਦੀ ਸੂਰਤ ਵਿਚ ਉਹ ਉਸ ਸਰਟੀਫਿਕੇਟ ਦੀ ਫੋਟੋ–ਸਟੈਟ ਕਾਪੀ ਵਿਭਾਗ ਵਿਖੇ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵੇਗਾ/ਹੋਵੇਗੀ।

ਜ਼ਰੂਰੀ ਨੋਟ :-

1. **ਵਿਦਿਆਰਥੀ ਵੱਲੋਂ ਨੱਥੀ ਕੀਤੇ ਸਮੂਹ ਦਸਤਾਵੇਜਾਂ ਦੀਆਂ ਫੋਟੋ-ਸਟੈਟ ਕਾਪੀਆਂ Self-Attested ਹੋਣੀਆਂ ਚਾਹੀਦੀਆਂ ਹਨ ਭਾਵ ਇਨ੍ਹਾਂ ਦੇ ਹੇਠਾਂ ਵਿਦਿਆਰਥੀ ਦੇ ਹਸਤਾਖਰ ਹੋਣੇ ਚਾਹੀਦੇ ਹਨ।**
2. **ਪੋਸਟ-ਮੈਟ੍ਰਿਕ ਸਕਾਲਰਸ਼ਿਪ ਅਤੇ Covid-19 ਸਬੰਧੀ ਸਬੰਧੀ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਜਾਰੀ ਕੀਤੀਆਂ ਹਦਾਇਤਾਂ/ਨਿਯਮ ਲਾਗੂ ਹੋਣਗੇ।**
3. **ਚੈੱਕ ਲਿਸਟ, ਸਵੈ-ਘੋਸ਼ਣਾ ਪ੍ਰੋਫਾਰਮਾ, ਹਾਜ਼ਰੀ ਪ੍ਰੋਫਾਰਮਾ, ਸ਼ਨਾਖਤੀ ਕਾਰਡ ਪ੍ਰੋਫਾਰਮਾ ਵਿਭਾਗੀ ਵੈਬਸਾਈਟ www.dccpbi.com ਤੇ ਉਪਲਬਧ ਹੈ।**